# ਨਿਸ਼ਕਰਸ਼

ਭਾਰਤ-ਪਾਕ ਵੰਡ ਮਨੁੱਖੀ ਇਤਿਹਾਸ ਅੰਦਰ ਵਾਪਰੀ ਇਕ ਵੱਡੀ ਦੁਖਾਂਤਕ ਘਟਨਾ ਹੈ। ਇਸ ਘਟਨਾ ਦਾ ਅਸਰ ਡੂੰਘਾ ਤੇ ਚਿਰ-ਸਥਾਈ ਪਿਆ ਹੈ। ਇਕ ਵਾਰ ਵੰਡ ਹੋ ਜਾਣ ਦੀ ਯੋਜਨਾ ਦਾ ਐਲਾਨ ਹੋ ਜਾਣ ਅਤੇ ਦੋਹਾਂ ਪਾਸਿਆਂ ਵੱਲੋਂ ਉਹਨੂੰ ਸਵੀਕਾਰ ਕਰ ਲੈਣ ਤੋਂ ਬਾਅਦ, ਜਿੱਥੇ ਇਕ ਪਾਸੇ ਉਹਨੂੰ ਲਾਗੂ ਕਰਨ ਲਈ ਇਕ ਪੂਰੀ ਕਾਰਜ ਪ੍ਰਣਾਲੀ ਨੂੰ ਹਰਕਤ ਵਿਚ ਲਿਆਂਦਾ ਗਿਆ, ਉੱਥੇ ਦੂਜੇ ਪਾਸੇ ਇਸ ਮੂਕ ਸਮਝੌਤੇ ਰਾਹੀਂ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਪਲਾਂ ਵਿਚ ਬਦਲ ਦੇਣ ਵਾਲੀ ਸਰਹੱਦ ਖਿੱਚ ਦਿੱਤੀ ਅਤੇ ਰਾਜਸੀ ਆਗੂਆਂ ਦੁਆਰਾ ਰੈੱਡਕਲਿਫ ਨੂੰ ਸਰਹੱਦ ਉਲੀਕਣ ਦੀ ਸੌਂਪੀ ਗਈ ਜ਼ਿੰਮੇਂਵਾਰੀ ਹਜ਼ਾਰਾਂ ਪਿੰਡਾਂ, ਕਸਬਿਆਂ, ਸ਼ਹਿਰਾਂ, ਮਾਰੂਥਲਾਂ, ਖੇਤਾਂ, ਦਰਿਆਵਾਂ ਤੇ ਨਹਿਰਾਂ ਦੇ ਸੰਪੂਰਣ ਇਕੱਠ ਨੂੰ ਵੰਡਦੀ ਗਈ। ਇਹ ਇਕ ਐਸੀ ਸਰਹੱਦ ਖਿੱਚ ਦਿੱਤੀ ਗਈ ਸੀ ਜੋ ਉਹਨਾਂ ਲੱਖਾਂ ਲੋਕਾਂ ਨੂੰ ਵੰਡ ਗਈ, ਜੋ ਬੇਸ਼ਕ ਧਰਮ ਪੱਖੋਂ ਵੱਖ ਪਰ ਇਕ ਸਾਂਝੇ ਸਭਿਆਚਾਰ, ਭਾਸ਼ਾ ਤੇ ਇਤਿਹਾਸ ਦੇ ਹਿੱਸੇਦਾਰ ਸਨ।

ਵੰਡ ਦੇ ਤੱਥਾਂ ਦੇ ਰੂਪ ਵਿਚ ਇਤਿਹਾਸ ਨੇ ਕੇਵਲ ਸੂਖਮ ਵੇਰਵੇ ਹੀ ਦਿੱਤੇ ਹਨ ਇਸਦੇ ਪ੍ਰਭਾਵੀ ਪ੍ਰਤਿਮਾਨਾਂ ਨੂੰ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਵਿਚ ਬੜੀ ਸੂਖਮਤਾ ਨਾਲ ਤੇ ਨਿਰਪੱਖ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ।

1947 ਦਾ ਇਹ ਵਰ੍ਹਾ ਜਿੱਥੇ ਆਜ਼ਾਦੀ ਦਾ ਵਰ੍ਹਾ ਸੀ ਉੱਥੇ ਨਾਲ ਹੀ ਹਜ਼ਾਰਾਂ ਲੋਕਾਂ ਦੇ ਕਤਲੇਆਮ, ਉਹਨਾਂ ਦੀ ਵੱਢ-ਟੁੱਕ, ਹਿੰਸਕ ਉਥਲ-ਪੁਥਲ ਅਤੇ ਉਹਨਾਂ ਦੀਆਂ ਜ਼ਿੰਦਗੀਆਂ ਦੇ ਵਿਸਥਾਪਨ, ਦਾ ਵਰ੍ਹਾ ਵੀ ਬਣ ਗਿਆ। ਅਣਗਿਣਤ ਘਰ ਉੱਜੜੇ, ਪਿੰਡ ਬਰਬਾਦ ਹੋਏ, ਲੱਖਾਂ ਲੋਕ ਸ਼ਰਨਾਰਥੀ ਕੈਂਪਾਂ ਤੇ ਕੁਦਰਤੀ ਕਹਿਰ ਦਾ ਸ਼ਿਕਾਰ ਹੋਏ ਤੇ ਵੱਡੀ ਗਿਣਤੀ 'ਚ

ਔਰਤਾਂ ਖੁਆਰ ਹੋਈਆਂ। ਇਹ ਸਦਮਾ ਲੋਕਾਂ ਦੇ ਮਨਾਂ ਅੰਦਰ ਇੰਨਾ ਡੂੰਘਾ ਲਹਿ ਗਿਆ ਕਿ ਇਹ ਕੁਝ ਬੋਲਣ ਦੇ ਸਮਰਥ ਨਾ ਰਹੇ। ਜਿੰਨਾ ਕੁਝ ਇਸ ਘਟਨਾ ਹੱਥੋਂ ਤਹਿਸ-ਨਹਿਸ ਹੋਇਆ, ਮੁੜ ਕੇ ਉਸਾਰਿਆ ਨਾ ਜਾ ਸਕਿਆ। ਇਸ ਘਟਨਾ ਲਈ ਅੰਗਰੇਜ਼ੀ ਸਰਕਾਰ ਦੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤੋਂ ਇਲਾਵਾ ਹੋਰ ਵੀ ਤੱਥਾਂ ਧਾਰਮਿਕ ਮਤਭੇਦਾਂ, ਰਾਜਨੀਤਕ ਸੰਗਠਨਾਂ, ਧਾਰਮਿਕ ਸੰਸਥਾਵਾਂ ਤੇ ਫ਼ਿਰਕੂ ਧਾਰਨਾਵਾਂ ਨੇ ਵੀ ਵੱਡੀ ਭੂਮਿਕਾ ਨਿਭਾਈ।

ਅੰਗਰੇਜ਼ੀ ਸਰਕਾਰ ਨੇ ਸਮੁੱਚੇ ਭਾਰਤੀਆਂ ਅੰਦਰ ਧਰਮ ਦੇ ਆਧਾਰ ਉੱਤੇ ਵੱਖਰਤਾ ਪੈਦਾ ਕਰਕੇ ਫ਼ਿਰਕਾਪ੍ਰਸਤੀ ਨੂੰ ਇਕ ਕੂਟਨੀਤੀ ਵਜੋਂ ਪ੍ਰੋਤਸਾਹਿਤ ਕੀਤਾ ਕਿਉਂਕਿ ਉਸ ਵੇਲੇ ਦੇ ਭਾਰਤੀ ਸਮਾਜ ਵਿਚ ਫੈਲੇ ਹੋਏ ਧਾਰਮਿਕ-ਮਤਭੇਦਾਂ ਅਤੇ ਜਾਤ-ਪਾਤ ਦੇ ਭੇਦ ਭਾਵ ਦਾ ਅੰਗਰੇਜ਼ੀ ਸਰਕਾਰ ਨੇ ਬੜਾ ਫ਼ਾਇਦਾ ਚੁੱਕਿਆ। ਇਥੋਂ ਤੱਕ ਕਿ ਇਤਿਹਾਸ ਦੇ ਕੁਝ ਪੱਖਪਾਤੀ ਤੱਥ ਵੀ ਪੇਸ਼ ਕੀਤੇ ਅਤੇ ਅੰਗਰੇਜ਼ੀ ਸਰਕਾਰ ਨੇ ਕੂਟ ਨੀਤੀ ਰਾਹੀਂ 1857 ਦਾ ਗਦਰ ਵੀ ਅਸਫ਼ਲ ਬਣਾ ਦਿੱਤਾ। ਆਪਣਾ ਪ੍ਰਭਾਵ ਕਾਇਮ ਰੱਖਣ ਲਈ ਅੰਗਰੇਜ਼ੀ ਸਰਕਾਰ ਨੇ ਜਿੱਥੇ ਸਮਾਜ ਵਿਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਪੂਰਾ ਸਮਾਜਿਕ ਢਾਂਚਾ ਬਦਲ ਦਿੱਤਾ, ਉੱਥੇ ਈਸਾਈ ਮਿਸ਼ਨਰੀ ਲਹਿਰ ਚਲਾ ਕੇ ਭਾਰਤੀਆਂ ਨੂੰ ਈਸਾਈ ਬਣਾਉਣਾ ਸ਼ੁਰੂ ਕਰ ਦਿੱਤਾ। ਜਿਸਦੇ ਪ੍ਰਤੀਕ੍ਰਮ ਵੱਜੋਂ ਸਮਾਜਕ/ਸੁਧਾਰਕ/ਧਾਰਮਿਕ/ਰਾਸ਼ਟਰੀ ਲਹਿਰਾਂ ਆਰੀਆ ਸਮਾਜੀ ਲਹਿਰ, ਕੂਕਾ ਲਹਿਰ, ਸਿੰਘ ਸਭਾ ਲਹਿਰ, ਬੱਬਰ ਅਕਾਲੀ ਲਹਿਰ, ਜਮਾਇਤ ਅਹਿਮਦੀਆ ਲਹਿਰ ਹੋਂਦ ਵਿਚ ਆਈਆਂ।

ਇਹਨਾਂ ਲਹਿਰਾਂ ਦਾ ਉਦੇਸ਼ ਆਪਣੇ-ਆਪਣੇ ਕੌਮੀ ਤਬਕਿਆਂ ਅੰਦਰ ਧਾਰਮਿਕ ਜਾਗਰਤੀ ਲਿਆਉਣੀ ਅਤੇ ਆਜ਼ਾਦੀ ਲਈ ਸੰਘਰਸ਼ ਕਰਨਾ ਸੀ। ਜਿੱਥੇ ਇਹਨਾਂ ਲਹਿਰਾਂ ਨੇ ਆਪਣੇ-ਆਪਣੇ ਕੌਮੀ ਤਬਕੇ ਅੰਦਰ ਧਰਮ ਤੇ ਸੰਸਕ੍ਰਿਤੀ ਲਈ ਸਾਂਝ ਤੇ ਇਕਜੁੱਟਤਾ ਪੈਦਾ ਕੀਤੀ ਸੀ ਉੱਥੇ ਵਿਭਿੰਨ ਕੌਮੀ ਤਬਕਿਆਂ ਅੰਦਰ ਉੱਚੇ ਉੱਠਣ, ਬਿਹਤਰ ਬਣਨ ਲਈ ਮੁਕਾਬਲੇ

ਦੀ ਭਾਵਨਾ ਵੀ ਭਰ ਦਿੱਤੀ। ਅੰਗਰੇਜ਼ੀ ਸਰਕਾਰ ਦੇ ਕੁਝ ਪਿੱਠੂਆਂ ਨੇ ਆਪਣੇ ਸਵਾਰਥਾਂ ਲਈ ਇਸ ਮੁਕਾਬਲੇ ਦੀ ਭਾਵਨਾ ਨੂੰ ਸਮੇਂ-ਸਮੇਂ ਫ਼ਿਰਕੂ ਭਾਵਨਾ ਅੰਦਰ ਤਬਦੀਲ ਕਰ ਦਿੱਤਾ। ਇਸ ਸ਼ੋਧ ਪ੍ਰਬੰਧ ਵਿਚ ਸਾਡੀ ਧਾਰਨਾ ਇਹ ਹੈ ਕਿ ਆਜ਼ਾਦੀ ਦੇ ਸੰਘਰਸ਼ ਲਈ ਚੱਲੀਆਂ ਇਹਨਾਂ ਲਹਿਰਾਂ ਨੇ ਵੀ ਸਿੱਧੇ ਅਸਿੱਧੇ ਰੂਪ ਵਿਚ ਫ਼ਿਰਕੂ ਭਾਵਨਾ ਨੂੰ ਜਨਮ ਦੇਣ ਵਿਚ ਇਤਿਹਾਸਕ ਰੋਲ ਨਿਭਾਇਆ। ਇੰਝ ਇਹ ਲਹਿਰਾਂ ਸਮੇਂ-ਸਮੇਂ ਨਾਲ ਫ਼ਿਰਕਾਪ੍ਰਸਤੀ ਦੇ ਨਾਲ ਲਬਰੇਜ਼ ਰਹੀਆਂ। ਫ਼ਿਰਕਾਪ੍ਰਸਤੀ ਦੀ ਇਸ ਵੱਧਦੀ ਭਾਵਨਾ ਨੂੰ ਸਮਝਦਿਆਂ ਹੋਇਆਂ ਅਸੀਂ ਇਸ ਪ੍ਰਬੰਧ ਨੂੰ ਇਤਿਹਾਸਕ ਕਾਲਕ੍ਰਮ ਵਿਚ ਵੰਡ ਕੇ ਫ਼ਿਰਕਾਪ੍ਰਸਤੀ ਦੇ ਤਿੰਨ ਦੌਰਾਂ ਰਾਹੀਂ ਇਸਨੂੰ ਸਮਝਿਆ ਹੈ:

ਫ਼ਿਰਕਾਪ੍ਰਸਤੀ ਦੇ ਵਿਕਾਸ ਵਿਚ 19ਵੀਂ ਸਦੀ ਦਾ ਨੌਵਾਂ ਦਹਾਕਾ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਫ਼ਿਰਕਾਪ੍ਰਸਤੀ ਦਾ ਇਹ ਪਹਿਲਾ ਦੌਰ ਸੀ। ਇਕ; ਇਸ ਦਹਾਕੇ ਵਿਚ ਕਾਂਗਰਸ ਪਾਰਟੀ ਹੋਂਦ ਵਿਚ ਆਈ। ਦੂਜਾ; ਕੁਝ ਮੁਸਲਿਮ ਆਗੂਆਂ ਵੱਲੋਂ ਫ਼ਿਰਕੂ ਆਧਾਰ ਤੇ ਰਾਖਵੇਂਕਰਨ ਦੀ ਮੰਗ ਹੋਣ ਲੱਗੀ। ਅੰਗਰੇਜ਼ਾਂ ਨੇ ਮੁਸਲਮਾਨਾਂ ਦੀ ਇਸ ਨੀਤੀ ਨੂੰ ਸਮਝ ਲਿਆ। 1906 ਤੋਂ 1936 ਤੱਕ ਫ਼ਿਰਕਾਪ੍ਰਸਤੀ ਦੇ ਵਿਕਾਸ ਦਾ ਦੂਜਾ ਦੌਰ ਰਿਹਾ। 1906 ਵਿਚ ਮੁਸਲਮਾਨਾਂ ਨੇ ਮੁਸਲਿਮ ਲੀਗ ਨਾਮ ਦੀ ਪਾਰਟੀ ਦੀ ਸਥਾਪਨਾ ਕੀਤੀ। 1909 ਵਿਚ ਫ਼ਿਰਕੂ ਆਧਾਰ ਤੇ ਮੁਸਲਿਮ ਤਬਕੇ ਨੂੰ ਵੱਖਰੀਆਂ ਚੋਣਾਂ ਰਾਹੀਂ ਲੋੜ ਤੋਂ ਵੱਧ ਅਧਿਕਾਰ ਦਿੱਤੇ ਗਏ। ਮੁਸਲਿਮ ਲੀਗ ਵਾਂਗ ਹਿੰਦੂ ਵੀ ਹਿੰਦੂ ਸੰਗਠਨ ਦੀ ਜ਼ਰੂਰਤ ਮਹਿਸੂਸ ਕਰਨ ਲੱਗੇ ਜਿਸਦਾ ਨਤੀਜਾ 1909 ਵਿਚ ਪੰਜਾਬ ਵਿਚ ਹਿੰਦੂ ਮਹਾਂਸਭਾ ਹੋਂਦ ਵਿਚ ਆਈ। ਇਹਨਾਂ ਰਾਜਨੀਤਕ ਸੰਗਠਨਾਂ ਦੀ ਬਦੌਲਤ ਦੋਹਾਂ ਧਿਰਾਂ ਅੰਦਰ ਕਈ ਫ਼ਿਰਕੂ ਧਾਰਨਾਵਾਂ ਪੈਦਾ ਹੋ ਗਈਆਂ। ਪਰ ਫਿਰ ਵੀ 1916 ਵਿਚ ਕਾਂਗਰਸ ਤੇ ਮੁਸਲਿਮ ਲੀਗ ਨੇ ਆਪਣੇ ਹਿੱਤਾਂ ਨੂੰ ਵਧਾ ਕੇ ਵੇਖਣ ਦੀ ਥਾਂ ਆਜ਼ਾਦੀ ਦੀ ਲੜਾਈ ਨੂੰ ਮੁੱਖ ਮੁੱਦਾ ਬਣਾਇਆ। 1919 ਵਿਚ ਵਾਪਰੇ ਜਲਿਆਂ ਵਾਲੇ ਬਾਗ ਦੇ ਸਾਕੇ ਦੀ ਦੋਹਾਂ ਪਾਰਟੀਆਂ ਨੇ ਵਿਰੋਧਤਾ ਕੀਤੀ । 1919 ਵਿਚ ਫ਼ਿਰਕੂ ਭਾਵਨਾ ਮੁੜ ਉਸ

ਵੇਲੇ ਵੱਧੀ ਜਦ ਹੋਰ ਫ਼ਿਰਕਿਆਂ ਨੂੰ ਚੋਣ ਅਧਿਕਾਰ ਦੇਣ ਨਾਲ ਸਮੁੱਚੀ ਭਾਰਤੀ ਏਕਤਾ ਖਿੱਲਰ ਗਈ। ਇਸ ਦੌਰ ਵਿਚ ਜਿੱਥੇ ਅੰਗਰੇਜ਼ੀ ਸਰਕਾਰ ਅਤੇ ਰਾਜਨੀਤਕ ਸੰਗਠਨਾਂ ਤੋਂ ਫ਼ਿਰਕਾਪ੍ਰਸਤੀ ਨੂੰ ਵਿਸਤਾਰ ਮਿਲਿਆ ਉੱਥੇ ਫ਼ਿਰਕੂ ਦੰਗੇ ਫੈਲਾਉਣ ਵਿਚ ਸਭ ਤੋਂ ਵੱਧ ਭੂਮਿਕਾ ਧਾਰਮਿਕ ਸੰਗਠਨਾਂ ਨੇ ਵੀ ਨਿਭਾਈ।

ਧਾਰਮਿਕ ਮਤਭੇਦਾਂ ਨੂੰ ਲੈ ਕੇ ਪੂਰੇ ਭਾਰਤ ਵਿਚ 1921 ਤੋਂ 1927 ਤੱਕ ਏਨੇ ਫ਼ਸਾਦ ਹੋਏ ਉਹਨਾਂ ਦੀ ਗਿਣਤੀ ਕਰਨੀ ਅਸੰਭਵ ਸੀ। ਇਸਦਾ ਨਤੀਜਾ ਸਮਾਜ ਵਿਚ ਨਿਰੰਤਰ ਤਣਾਉ ਵੱਧਦਾ ਗਿਆ। ਫ਼ਿਰਕਿਆਂ ਵਿਚ ਧਰਮ ਤੇ ਜਾਤ ਤੇ ਆਧਾਰਿਤ ਆਪਣੀ ਵੱਖ ਸਾਂਸਕ੍ਰਿਤਕ ਪਛਾਣ ਦੀ ਗੱਲ ਹੋਣ ਲੱਗੀ। ਇਸੇ ਦੌਰ ਵਿਚ (1935 ਵਿਚ) ਆਰ. ਐਸ. ਐਸ. (ਰਾਸ਼ਟਰੀ ਸਵੰਮ ਸੇਵਕ ਸੰਘ) ਨਾਮ ਦਾ ਰਾਜਨੀਤਕ ਸੰਗਠਨ ਹੋਂਦ ਵਿਚ ਆਇਆ। ਇਕ ਪਾਸੇ; ਇਹਨਾਂ ਰਾਜਨੀਤਕ ਕਾਰਜ ਕਰਤਾਵਾਂ ਦੁਆਰਾ ਜੋ ਮੁੱਦੇ ਚੁੱਕੇ ਗਏ ਉਹਨਾਂ ਵਿਚ ਧਰਮ, ਜਾਤ, ਨਸਲ ਦੇ ਲੱਛਣ ਉੱਭਰਨ ਲੱਗੇ। ਦੂਜੇ ਪਾਸੇ; ਅੰਗਰੇਜ਼ੀ ਸਰਕਾਰ ਦੁਆਰਾ ਲਾਗੂ ਕੀਤੇ 1935 ਦੇ ਐਕਟ ਅਧੀਨ ਲੋਕਾਂ ਵਿਚ ਦਵੈਤ ਦੀ ਭਾਵਨਾ ਹੋਰ ਵੀ ਵੱਧ ਗਈ। ਚੁਫੇਰੇ ਫੈਲੀ ਫ਼ਿਰਕੂ ਅੱਗ ਤੇ ਕਾਬੂ ਪਾਉਣਾ ਅਸੰਭਵ ਹੋ ਗਿਆ ਫ਼ਿਰਕਾਪ੍ਰਸਤੀ ਦਾ ਸਭ ਤੋਂ ਵੱਧ ਸੰਵੇਦਨਸ਼ੀਲ ਦੌਰ 1937 ਤੋਂ 1947 ਤੱਕ ਦਾ ਦੌਰ ਰਿਹਾ। ਇਸ ਦੌਰ ਵਿਚ ਫ਼ਿਰਕਾਪ੍ਰਸਤੀ ਅੰਦਰਲੀ ਨਫ਼ਰਤ ਪ੍ਰਚਾਰ, ਵੈਰ-ਵਿਰੋਧ, ਨਾਹਰਿਆਂ, ਦੰਗਿਆਂ ਤੇ ਹਿੰਸਾ ਦੇ ਰੂਪ ਵਿਚ ਸਾਹਮਣੇ ਆਉਣ ਲੱਗੀ। ਅੰਗਰੇਜ਼ੀ ਸਰਕਾਰ ਵੱਲੋਂ 1937 ਵਿਚ ਚੋਣਾਂ ਕਰਵਾਈਆਂ ਗਈਆਂ ਜਿਸ ਵਿਚ ਕਾਂਗਰਸ ਜਿੱਤ ਗਈ। ਲੀਗ ਤੇ ਹਿੰਦੂ ਮਹਾਂਸਭਾ ਦੇ ਨਤੀਜੇ ਅਫ਼ਸੋਸ ਜਨਕ ਰਹੇ।

ਕਾਂਗਰਸ ਦੀ ਜਿੱਤ ਨਾਲ ਮੁਸਲਿਮ ਲੀਗ ਨੂੰ ਆਪਣਾ ਧਾਰਮਿਕ ਤੇ ਸਭਿਆਚਾਰਕ ਵਜੂਦ ਖਤਰੇ ਵਿਚ ਪਿਆ ਨਜਰੀਂ ਆਇਆ। ਜਿਸਦੇ ਫਲਸਰੂਪ ਮੁਸਲਿਮ ਲੀਗ ਦੁਆਰਾ ਪੂਰਨ ਸੁਤੰਤਰਤਾ ਦੀ ਮੰਗ ਹੋਣ ਲੱਗੀ। ਫ਼ਿਰਕਿਆਂ ਵਿਚ ਵੀ ਲੋਕਾਂ ਦਾ ਵਿਸ਼ਵਾਸ ਜਿੱਤਣ ਲਈ

ਆਗੂਆਂ ਦੁਆਰਾ ਆਪਣੇ ਹਿੱਤਾਂ ਦੀ ਗੱਲ ਹੋਣ ਲੱਗੀ। ਇਕ ਦੂਜੇ ਵਿਰੁੱਧ ਪ੍ਰਚਾਰ, ਵੈਰ-ਵਿਰੋਧ, ਨਾਅਰੇਬਾਜ਼ੀ, ਰਾਜਨੀਤਕ ਬਹਿਸਾਂ ਹੋਣ ਲੱਗੀਆਂ। 1946 ਵਿਚ ਅਸੈਂਬਲੀ ਚੋਣਾਂ ਕਰਵਾਈਆਂ ਗਈਆਂ। ਮੁਸਲਿਮ ਲੀਗ ਨੇ ਭਾਰੀ ਜਿੱਤ ਹਾਸਲ ਕੀਤੀ। ਗ਼ੈਰ ਮੁਸਲਿਮ ਇਲਾਕਿਆਂ ਵਿਚ ਕਾਂਗਰਸ ਜਿੱਤ ਗਈ। ਲੀਗ ਦੀ ਜਿੱਤ ਹੋਣ ਤੇ ਪਾਕਿਸਤਾਨ ਦੀ ਮੰਗ ਹੋਰ ਵੱਧ ਗਈ। ਜਿਸਦਾ ਨਤੀਜਾ 16 ਅਗਸਤ 1946 ਨੂੰ 'ਡਾਇਰੈਕਟ ਐਕਸ਼ਨ ਡੇ' ਮਨਾਇਆ ਗਿਆ। ਹਰ ਥਾਂ ਤੇ ਫ਼ਸਾਦਾਂ ਦੀ ਇਕ ਲੜੀ ਆਰੰਭ ਹੋ ਗਈ। ਇਹਨਾਂ ਫ਼ਸਾਦਾਂ ਵਿਚ ਹੋਣ ਵਾਲੀ ਮਨੁੱਖੀ ਬਰਬਾਦੀ ਬਾਰੇ ਬ੍ਰਿਟਿਸ਼ ਸਰਕਾਰ ਜਾਂ ਕਿਸੇ ਰਾਜਨੀਤਕ ਕਾਰਜਕਰਤਾ ਨੇ ਗੰਭੀਰ ਢੰਗ ਨਾਲ ਨਾ ਵਿਚਾਰਿਆ।

ਪੰਜਾਬੀ ਕਹਾਣੀਆਂ ਵਿਚ ਜੋ ਵੱਢ-ਟੁੱਕ, ਕਤਲੇਆਮ, ਲੁੱਟਮਾਰ, ਸਾੜਫੂਕ, ਔਰਤਾਂ ਦੀ ਬੇਪੱਤੀ, ਨੌਜਵਾਨਾਂ, ਬੱਚਿਆਂ, ਬੁੱਢਿਆਂ ਉੱਤੇ ਜੋ ਤਸੱਦਦ ਹੋਇਆ ਨਜ਼ਰ ਆਉਂਦਾ ਹੈ ਜਿੱਥੇ ਇਹ ਸਾਰਾ ਕਸੂਰ ਰਾਜਨੀਤਕ ਸੰਗਠਨਾਂ, ਧਾਰਮਿਕ ਸੰਸਥਾਵਾਂ ਦਾ ਸੀ, ਉੱਥੇ ਸਮਾਜਿਕ ਤੇ ਨੈਤਿਕ ਪ੍ਰਬੰਧਾਂ ਦਾ ਵੀ ਉੱਤਨਾ ਹੀ ਕਸੂਰ ਸੀ। ਇਸ ਘੱਲੂਘਾਰੇ ਵਿਚ ਮਨੁੱਖ ਨੇ ਗੁੰਡੇ ਦੇ ਰੂਪ ਵਿਚ ਜੋ ਅਣਮਨੁੱਖੀ ਕਾਰੇ ਕੀਤੇ, ਉਥੋਂ ਇਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਹ ਲੁੱਟਮਾਰ, ਖ਼ੂਨ ਖਰਾਬੇ, ਕਤਲੋਗਾਰਤ, ਵਹਿਸ਼ੀਅਤ ਦੀ ਆਦਿਮ ਪ੍ਰਵਿਰਤੀ ਕਿਤੇ ਨਾਂ ਕਿਤੇ ਮਨੁੱਖ ਦੀਆਂ ਮਨੋ-ਸੰਰਚਨਾਵਾਂ ਵਿਚ ਜਿਉਂਦੀ ਹੈ ਇਹ ਸਿਰਫ਼ ਧਾਰਮਿਕ ਜਨੂੰਨ ਹੀ ਨਹੀਂ ਸੀ ਬਲਕਿ ਮਾਨਵੀ ਮਾਨਸਿਕਤਾ ਅੰਦਰਲਾ ਅਮਾਨਵੀ ਕੋਹਜਾਪਨ ਹਿੰਸਾ ਦੇ ਵੱਖ-ਵੱਖ ਰੂਪਾਂ ਰਾਹੀਂ ਸਾਹਮਣੇ ਆਇਆ। ਇਹਨਾਂ ਕਹਾਣੀਆਂ ਵਿਚ ਕਿਤੇ ਇਹ ਲੁਟੇਰੇ ਬਣ ਕੇ ਆਪਣੇ ਘਰ ਭਰਨ ਲਈ ਲੁੱਟਾਂ ਖੋਹਾਂ ਕਰਦੇ ਨਜਰੀਂ ਆਉਂਦੇ ਹਨ ਤੇ ਕਿਤੇ ਨਿੱਜੀ ਦੁਸ਼ਮਣੀਆਂ, ਵੈਰ-ਵਿਰੋਧ ਜਾਂ ਬਦਲਾ ਲਊ ਭਾਵਨਾ ਲੈ ਕੇ ਲੋਕਾਂ ਦੇ ਘਰ-ਬਾਰ ਸਾੜਦੇ ਨਜਰੀਂ ਪੈਂਦੇ ਹਨ। ਕਿਤੇ ਵੱਢ-ਟੁੱਕ ਕਤਲੇਆਮ ਕਰਕੇ ਆਪਣੇ ਅੰਦਰਲੀ ਫ਼ਿਰਕੂ ਨਫਰਤ ਅਸੁਰੱਖਿਆ ਦੀ ਭਾਵਨਾ ਦੇ ਅਧੀਨ

ਕੱਢਦੇ ਹਨ ਤੇ ਕਿਤੇ ਇਹ ਜਾਬਰ ਬਣ ਕੇ ਸਾਹਮਣੇ ਖੜੀ ਮਜ਼ਲੂਮ ਧਿਰ (ਬੱਚਿਆਂ ਤੇ ਬੁੱਢਿਆਂ) ਤੇ ਕਹਿਰ ਢਾਹੁੰਦੇ ਹਨ ਅਤੇ ਆਪਣੇ ਬਲ ਦਾ ਪ੍ਰਦਰਸ਼ਨ ਕਰਦੇ ਹਨ ਤੇ ਮਰਜ਼ੀ ਅਨੁਸਾਰ ਮੌਤ ਦੇ ਕੇ (ਛੁਰਿਆਂ, ਨੇਜਿਆਂ, ਤਲਵਾਰਾਂ, ਛਵੀਆਂ ਨਾਲ-ਵਿੰਨਕੇ) ਉਹਨਾਂ ਦੀ ਮੌਤ ਦਾ ਤਮਾਸ਼ਾ ਵੇਖ ਕੇ ਖੁਸ਼ ਹੁੰਦੇ ਹਨ। ਇਹਨਾਂ ਕਹਾਣੀਆਂ ਵਿਚ ਬੇਗੁਨਾਹ ਮਜ਼ਲੂਮ ਧਿਰ ਇਹਨਾਂ ਅਮਾਨਵੀ ਕਾਰਗੁਜ਼ਾਰੀਆਂ ਕਰਨ ਵਾਲਿਆਂ ਅੱਗੇ ਲੇਲੜੀਆਂ ਕੱਢਦੀ ਹੈ।

ਇਕੋ ਸਮਾਜਿਕ ਢਾਂਚੇ ਵਿਚ ਬੱਝ ਕੇ ਜਿਉਣ ਵਾਲੇ ਇਹਨਾਂ ਲੋਕਾਂ ਉੱਤੇ ਉਸ ਵੇਲੇ ਮਜ਼ਹਬ ਵੀ ਇੰਨਾ ਹਾਵੀ ਹੋ ਗਿਆ ਕਿ ਸਿਰਫ ਬਾਹਰੀ ਦਿੱਖ ਧਾਰਮਿਕ ਪਛਾਣ ਤੇ ਧਾਰਮਿਕ ਚਿੰਨ੍ਹ ਹੀ ਇਨਸਾਨ ਦੀ ਮੂਲ ਪਛਾਣ ਦਾ ਆਧਾਰ ਬਣ ਗਏ। ਇਹਨਾਂ ਕਹਾਣੀਆਂ ਵਿਚ ਜਿੱਥੇ ਇਕ ਪਾਸੇ ਜਾਬਰੀ ਇਨਸਾਨੀ ਭਾਵਨਾਵਾਂ ਦਾ ਖਿਆਲ ਕੀਤੇ ਬਿਨਾਂ ਵਿਅਕਤੀਗਤ, ਸਮੂਹਿਕ ਤੇ ਸੰਗਠਿਤ ਰੂਪ ਵਿਚ ਇਕ ਦੂਜੇ ਨੂੰ ਆਪਣੇ ਫ਼ਿਰਕੇ ਅੰਦਰ ਲਿਆਉਣ ਲਈ ਜਬਰੀ ਧਰਮ ਪਰਿਵਰਤਨ ਕਰਵਾਉਂਦੇ ਹਨ। ਉੱਥੇ ਦੂਜੇ ਪਾਸੇ ਸੰਪ੍ਰਦਾਇਕਤਾ ਹੇਠ ਸਮੂਹਿਕ ਰੂਪ ਵਿਚ ਲੋਕ ਮਾਨਸਿਕਤਾ ਏਨੀ ਲੜਖੜਾ ਜਾਂਦੀ ਹੈ ਕਿ ਅਨੇਕਾਂ ਵਿਅਕਤੀ ਪਰਸਥਿਤੀਆਂ ਅਨੁਸਾਰ ਆਪਣਾ ਪੈਂਤੜਾ ਬਦਲਾ ਕੇ, ਕਈ ਮਜਬੂਰ ਹੋ ਕੇ ਅਤੇ ਕਈ ਡਰ ਭੈਅ ਵੱਸ ਹੋ ਕੇ ਅਪਣਾ ਧਰਮ ਬਦਲ ਲੈਂਦੇ ਹਨ। ਪਰ ਭੈਅ ਵੱਸ ਜਾਂ ਮਜਬੂਰ ਹੋ ਕੇ ਧਰਮ ਪਰਿਵਰਤਿਤ ਹੋਏ ਵਿਅਕਤੀ ਕਈ ਘਟਨਾਵਾਂ ਅੰਦਰ ਮਾਨਸਿਕ ਪੱਖੋਂ ਉਸ ਧਰਮ ਨੂੰ ਸਵੀਕਾਰ ਨਹੀਂ ਕਰ ਪਾਉਂਦੇ । ਨਵੇਂ ਕਪੜੇ, ਨਵੀਂ ਵਿੱਥ ਤੇ ਨਵੀਆਂ ਸ਼ਕਲਾਂ ਉਹਨਾਂ ਨੂੰ ਪਲ-ਪਲ ਕਚੋਟਦੀਆਂ ਰਹਿੰਦੀਆਂ ਹਨ। ਉਹ ਪੂਰਨ ਰੂਪ ਵਿਚ ਨਵੀਂ ਪਛਾਣ ਨੂੰ ਸਵੀਕਾਰ ਨਹੀਂ ਕਰ ਪਾਉਂਦੇ।

ਫ਼ਸਾਦਾਂ ਦੌਰਾਨ ਜਿਸ ਧਿਰ ਨੇ ਸਭ ਤੋਂ ਜ਼ਿਆਦਾ ਸ਼ੋਸ਼ਣ ਤੇ ਜ਼ੁਲਮ ਸਹਿਆ ਉਹ ਔਰਤ ਧਿਰ ਸੀ। ਇਸ ਘੱਲੂਘਾਰੇ ਵਿਚ ਵੱਡੇ ਪੈਮਾਨੇ ਤੇ ਔਰਤਾਂ ਨੂੰ ਖੁਆਰ ਕੀਤਾ ਗਿਆ। ਲਗਭਗ 75,000 ਔਰਤਾਂ ਨਾਲ ਉਹਨਾਂ ਦੇ ਆਪਣੇ ਹਮਮਜ਼ਹਬੀਆਂ ਤੇ ਫਿਰ ਦੂਜੇ ਧਰਮ ਦੇ ਬੰਦਿਆਂ ਨੇ

ਬਲਾਤਕਾਰ ਕੀਤਾ ਤੇ ਉਹਨਾਂ ਨੂੰ ਉਧਾਲਿਆ। ਧਾੜਵੀਆਂ ਅੰਦਰ ਜਾਗੀਆਂ ਵਹਿਸ਼ੀ ਬਿਰਤੀਆਂ ਸਾਹਮਣੇ ਰਿਸ਼ਤਿਆਂ ਦੀ ਪਛਾਣ ਮਿਟ ਗਈ। ਉਸ ਵੇਲੇ ਉਹਨਾਂ ਨੂੰ ਔਰਤ ਕੇਵਲ ਹਵਸ ਪੂਰਤੀ ਦਾ ਵਸੀਲਾ ਹੀ ਦਿੱਸੀ। ਕਾਮ ਹਾਬੜੇ ਦਰਿੰਦਿਆਂ ਨੇ ਔਰਤਾਂ ਨਾਲ ਕੇਵਲ ਜਬਰ-ਜਨਾਹ ਹੀ ਨਹੀਂ ਕੀਤੇ ਬਲਕਿ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਘਿਨਾਉਣੀਆਂ ਸਰੀਰਕ ਯਾਤਨਾਵਾਂ ਵੀ ਦਿੱਤੀਆਂ। ਇਹਨਾਂ ਕਹਾਣੀਆਂ ਵਿਚ ਔਰਤਾਂ ਉੱਤੇ ਹੋਈ ਹਿੰਸਾ ਦੇ ਕਈ ਰੂਪ ਸਾਹਮਣੇ ਆਏ ਹਨ। ਉਹਨਾਂ ਨੂੰ ਹਰ ਪੀੜ ਨੂੰ ਜਰਦਿਆਂ ਬੇਤਹਾਸ਼ਾ ਸਰੀਰਕ ਤਾੜਨਾਵਾਂ ਤੇ ਮਾਨਸਿਕ ਪੀੜਾਂ 'ਚੋਂ ਲੰਘਣਾ ਪਿਆ। ਬਲਵਈਆਂ ਦੇ ਅਤਿਆਚਾਰ ਦਾ ਸ਼ਿਕਾਰ ਨਵਯੁਵਤੀਆਂ ਹੀ ਨਹੀਂ ਹੋਈਆਂ ਬਲਕਿ ਅਧਖੜ ਤੇ ਬਜ਼ੁਰਗ ਔਰਤਾਂ ਨੂੰ ਵੀ ਨਹੀਂ ਬਖਸ਼ਿਆ ਗਿਆ। ਸਮਾਜਿਕ ਪਛਾਣ ਤੋਂ ਇਨਕਾਰੀ ਹੋਏ ਰਿਸ਼ਤਿਆਂ ਅੱਗੇ ਕੋਈ ਕਿਸੇ ਦੀ ਧੀ, ਭੈਣ ਨਹੀਂ ਸੀ।

ਔਰਤਾਂ ਨੂੰ ਦੂਜੇ ਮਜ਼ਹਬ ਹੀ ਨਹੀਂ ਆਪਣੇ ਮਜ਼ਹਬ ਦੇ ਬੰਦਿਆਂ ਹੱਥੋਂ ਵੀ ਸਰੀਰਕ ਤੇ ਮਾਨਸਿਕ ਤਸ਼ੱਦਦ ਸਹਿਣਾ ਪਿਆ। ਕਿਤੇ ਉਸ ਨਾਲ ਸਮੂਹਿਕ ਜਬਰ ਜਨਾਹ ਕੀਤਾ ਗਿਆ, ਪਰਿਵਾਰ ਦੇ ਸਾਹਮਣੇ ਜੋ ਬੇਪੱਤ ਹੋਣ ਤੋਂ ਇਨਕਾਰੀ ਹੋਈਆਂ ਉਨ੍ਹਾਂ ਨੂੰ ਬੇਪਤ ਕਰਨ ਤੋਂ ਬਾਅਦ ਉਨ੍ਹਾਂ ਦੀ ਜਾਨ ਲਈ ਗਈ। ਉਨ੍ਹਾਂ ਨੂੰ ਬੇਰਹਿਮ ਮੌਤ ਦਿੱਤੀ ਗਈ। ਔਰਤਾਂ ਨੂੰ ਕੇਵਲ ਫ਼ਸਾਦਾਂ ਵੇਲੇ ਹੀ ਨਹੀਂ ਗੱਡੀਆਂ, ਕਾਫ਼ਲਿਆਂ, ਕੈਂਪਾਂ ਵਿਚ ਵੀ ਉਧਾਲਿਆ ਤੇ ਬੇਪੱਤ ਕੀਤਾ ਗਿਆ। ਸਰੇ-ਬਜ਼ਾਰ ਨੰਗੀਆਂ ਕਰਕੇ ਉਨ੍ਹਾਂ ਦੇ ਜਿਸਮਾਂ ਦੀ ਬੋਲੀ ਲਾਈ ਗਈ। ਸਰੀਰ ਟੋਹ-ਟੋਹ ਕੇ ਉਹਨਾਂ ਦੀ ਖਰੀਦੋ ਫਰੋਖਤ ਕੀਤੀ ਗਈ। ਫਿਰ ਕਈਆਂ ਹੱਥਾਂ ਵਿਚ ਅੱਗੇ-ਅੱਗੇ ਵੇਚਿਆ ਗਿਆ। ਕਈ ਉਂਞ ਬੁੜੇ, ਬੁੱਢੇ, ਛੜੇ ਜਵਾਨ ਕੁੜੀਆਂ ਨੂੰ ਆਪਣੇ ਘਰੀਂ ਲੈ ਗਏ ਉਹਨਾਂ ਨੇ ਉਮਰਾਂ ਜਿਉਂਦਿਆਂ ਲਾਸ਼ਾਂ ਬਣ ਕੇ ਕੱਟੀਆਂ। ਇਨ੍ਹਾਂ ਕਹਾਣੀਆਂ ਵਿਚੋਂ ਪਤਾ ਲੱਗਦਾ ਹੈ ਕਿ ਜਦੋਂ ਔਰਤਾਂ ਨੇ ਬਲਵਈਆਂ ਤੋਂ ਮਜ਼ਲੂਮ ਬਣ ਕੇ ਤਰਸ ਮੰਗਿਆ ਤਾਂ ਉਹਨਾਂ ਨੂੰ ਵੱਧ ਸਰੀਰਕ

ਯਾਤਨਾਵਾਂ ਸਹਿਣੀਆਂ ਪਈਆਂ। ਕਈ ਔਰਤਾਂ ਦਾ ਮੁੱਲ ਵੱਟਣ ਮਗਰੋਂ ਉਨ੍ਹਾਂ ਨੂੰ ਵੇਸਵਾ ਬਣ ਜਾਣ ਲਈ ਮਜਬੂਰ ਕਰ ਦਿੱਤਾ ਗਿਆ। ਜਬਰਦਸਤੀ ਉਨ੍ਹਾਂ ਨਾਲ ਵਿਆਹ ਰਚਾਏ ਗਏ। ਉਹਨਾਂ ਦਾ ਜਬਰੀਂ ਧਰਮ ਪਰਿਵਰਤਨ ਕੀਤਾ ਗਿਆ ਅਤੇ ਜਦ ਉਹਨਾਂ ਦੀਆਂ ਜਾਇਜ ਨਾਜਾਇਜ਼ ਔਲਾਦਾਂ ਪੈਦਾ ਹੋ ਗਈਆਂ ਉਹਨਾਂ ਨੂੰ ਕਿਸੇ ਸਵੀਕਾਰ ਨਾ ਕੀਤਾ। ਸਰਕਾਰ ਵੱਲੋਂ 'ਬਾਰਾਮਦਗੀ' 'ਮੁੜ ਵਸਾਓ' ਆਦਿ ਕਾਨੂੰਨ ਬਣਾ ਕੇ ਉਹਨਾਂ ਨੂੰ ਮੁੜ ਵਸਾਉਣ ਦੀ ਮੁਹਿੰਮ ਚਲਾਈ ਗਈ। ਇਕ ਵਾਰ ਫਿਰ ਉਹਨਾਂ ਨੂੰ ਜਬਰਦਸਤੀ ਘਰਾਂ ਤੋਂ ਉਖਾੜਿਆ ਗਿਆ। ਜੋ ਔਰਤਾਂ ਆਪਣੇ ਆਪ ਨੂੰ ਰਿਸ਼ਤਾਗਤ ਪ੍ਰਬੰਧ ਵਿਚ ਬੰਨ ਚੁੱਕੀਆਂ ਸਨ ਉਨ੍ਹਾਂ ਨੂੰ ਸਰਕਾਰ ਨੇ ਮੁੜ ਉਜਾੜਿਆ। ਪਹਿਲਾਂ ਕਾਨੂੰਨ ਦੀਆਂ ਵਧੀਕੀਆਂ ਤੇ, ਦੂਜਾ ਸਮਾਜਿਕ, ਭਾਈਚਾਰਕ, ਨੈਤਿਕ ਮਰਿਯਾਦਾਗਤ ਪ੍ਰਬੰਧਾਂ ਨੇ ਉਨ੍ਹਾਂ ਲਈ ਦੂਹਰਾ ਸੰਕਟ ਖੜਾ ਕਰ ਦਿੱਤਾ।

ਇਹਨਾਂ ਕਹਾਣੀਆਂ ਵਿਚ ਜਬਰੀ ਵਿਆਹੀਆਂ ਔਰਤਾਂ ਦੀਆਂ ਔਲਾਦਾਂ ਵੀ ਉਨ੍ਹਾਂ ਤੇ ਤਾਹਨੇ ਕੱਸਦੀਆਂ ਨਜ਼ਰ ਆਉਂਦੀਆਂ ਹਨ ਕਿਉਂਕਿ ਪਹਿਲਾਂ ਉਨ੍ਹਾਂ ਨੂੰ ਆਪਣੀਆਂ ਮਾਵਾਂ ਦੇ ਪਿਛੋਕੜ ਦਾ ਪਤਾ ਨਹੀਂ ਸੀ ਆਪਣੀ ਪਛਾਣ ਬਣਾਉਣ ਦੀ ਇੱਛਾ ਤੇ ਵਿਆਹ ਪ੍ਰਬੰਧਾਂ ਨੂੰ ਕਾਇਮ ਕਰਨ ਦੀ ਤਮੰਨਾ ਨਾਲ ਜਦੋਂ ਇਹ ਔਲਾਦ ਸੁਚੇਤ ਹੁੰਦੀ ਹੈ ਤਾਂ ਉਹਨਾਂ ਸਾਹਮਣੇ ਕਈ ਕਿਸਮ ਦੇ ਮਾੜੇ ਹਾਲਾਤ ਬਣ ਜਾਂਦੇ ਹਨ। ਅਜਿਹੇ ਵੇਲੇ ਵੀ ਔਰਤਾਂ ਨੂੰ ਗੁਨਾਹਗਾਰ ਹੋਣ ਦਾ ਅਹਿਸਾਸ ਹੁੰਦਾ ਹੈ। ਇਹ ਤ੍ਰਾਸਦੀ ਇਕੱਲੀ ਇਕਹਰੀ ਔਰਤ ਦੀ ਹੀ ਨਹੀਂ ਸੀ ਬਲਕਿ ਹੋਰ ਅਨੇਕਾਂ ਮਜ਼ਲੂਮ ਔਰਤਾਂ ਦੀ ਵੀ ਸੀ ਜਿਨ੍ਹਾਂ ਨੇ ਇਸ ਦੁਖਾਂਤ ਨੂੰ ਆਪਣੀ ਰੂਹ ਅਤੇ ਸਰੀਰ ਉੱਤੇ ਜਰਿਆ।

ਵੰਡ ਨੇ ਨਾ ਸਿਰਫ਼ ਆਰਥਕ, ਸਮਾਜਕ ਤੇ ਸਭਿਆਚਾਰਕ ਅਸਥਿਰਤਾ ਦਾ ਵਾਤਾਵਰਣ ਹੀ ਤਿਆਰ ਕੀਤਾ ਬਲਕਿ ਇਹ ਅਨਿਸ਼ਚਿਤਤਾ ਔਰਤ ਦੇ ਜੀਵਨ ਵਿਚ ਹਿੰਸਾ ਦੇ ਰੂਪ ਬਣ ਗਈ ਅਤੇ ਇਸ ਅਨਿਸ਼ਚਿਤਤਾ ਵਿਚ ਸਾਰੇ ਰਿਸ਼ਤੇ ਨਾਤੇ, ਪਰਿਵਾਰ, ਭਾਈਚਾਰੇ ਘੁਲ ਕੇ

ਹਿੰਸਾਤਮਕ ਕਾਰਗੁਜ਼ਾਰੀ ਦਾ ਰੂਪ ਬਣ ਗਏ। ਔਰਤਾਂ ਵਾਂਗ ਹੀ ਸੰਤਾਪ ਹੰਢਾਉਂਦੀ ਸ਼ਰਨਾਰਥੀ ਧਿਰ ਦੀ ਇਹੋ ਸਥਿਤੀ ਰਹੀ। ਜਿਹਨਾਂ ਦੀਆਂ ਜ਼ਿੰਦਗੀਆਂ ਅਤੇ ਜਿਸਮਾਂ ਉੱਤੇ ਇਤਿਹਾਸ ਦਾ ਤਸ਼ੱਦਦ ਉਕਰਿਆ ਪਿਆ ਹੈ।

ਇਸ ਵੰਡ ਦੇ ਦੂਰ ਨਤੀਜੇ ਨਾ ਸੋਚਣ ਦਾ ਪਰਿਣਾਮ ਇਹ ਹੋਇਆ ਕਿ ਦੋ ਲੱਖ ਤੋਂ ਵੱਧ ਲੋਕ ਇਸ ਘਲੂਘਾਰੇ ਵਿਚ ਮਾਰੇ ਗਏ। 1 ਕਰੋੜ 20 ਲੱਖ ਲੋਕਾਂ ਨੇ ਦੋਹਾਂ ਪਾਸੇ ਸਰਹੱਦ ਪਾਰ ਕੀਤੀ। ਇਸ ਤੋਂ ਪਹਿਲਾਂ ਕਦੇ ਜਾਂ ਇਸ ਤੋਂ ਬਾਅਦ ਮਾਨਵ ਇਤਿਹਾਸ ਵਿਚ, ਏਨੇ ਘੱਟ ਸਮੇਂ ਵਿਚ ਏਨੇ ਵੱਡੇ ਪੈਮਾਨੇ ਤੇ ਲੋਕਾਂ ਦਾ ਤਬਾਦਲਾ ਨਹੀਂ ਹੋਇਆ, ਮਹਿਜ ਪੈਮਾਨਾ ਹੀ ਅਸਾਧਾਰਨ ਸੀ। ਨਾ ਤਾਂ ਅਸਲ ਵਿਚ ਭਾਰਤੀ ਅਤੇ ਨਾ ਹੀ ਪਾਕਿਸਤਾਨੀ ਸਰਕਾਰ, ਨਾ ਹੀ ਬ੍ਰਿਟਿਸ਼ ਸਰਕਾਰ ਨੇ ਵੱਸੋਂ ਦੀ ਇੰਨੀ ਬਰਬਾਦੀ ਤੇ ਏਨੇ ਵੱਡੇ ਪੱਧਰ ਤੇ ਹੋਏ ਤਬਾਦਲੇ ਦਾ ਅੰਦਾਜ਼ਾ ਲਾਇਆ ਸੀ। ਫਿਰ ਸਰਕਾਰਾਂ ਵੱਲੋਂ ਸ਼ਰਨਾਰਥੀਆਂ ਲਈ ਕੋਈ ਸਹੀ ਸੁਰੱਖਿਆ ਪ੍ਰਬੰਧ ਵੀ ਨਹੀਂ ਕੀਤੇ ਗਏ ਸਨ। ਘਰੋਂ ਬੇਘਰੇ ਹੋ ਕੇ ਕਾਫ਼ਲਿਆਂ ਵਿਚ ਜਾਂਦੇ ਸ਼ਰਨਾਰਥੀਆਂ ਨੂੰ ਧਾੜਵੀਆਂ ਵੱਲੋਂ ਉਹਨਾਂ ਦੀ ਕੀਤੀ ਜਾਂਦੀ ਵੱਢ-ਟੁੱਕ ਤੋਂ ਇਲਾਵਾ ਪੁਲਿਸ ਕਰਮਚਾਰੀਆਂ ਅਤੇ ਸੈਨਿਕਾਂ ਦੁਆਰਾ ਕੀਤੀਆਂ ਵਧੀਕੀਆਂ ਵੀ ਸਹਿਣੀਆਂ ਪਈਆਂ।

ਇਹਨਾਂ ਕਹਾਣੀਆਂ ਵਿਚ ਲੇਖਕਾਂ ਨੇ ਔਕੜਾਂ ਮਾਰੇ ਉਹਨਾਂ ਅਣਗਿਣਤ ਸ਼ਰਨਾਰਥੀਆਂ ਦੀ ਤ੍ਰਾਸਦੀ ਪੇਸ਼ ਕੀਤੀ ਹੈ, ਜਿਹਨਾਂ ਨੂੰ ਜਿਉਂਦਿਆਂ ਰੋਟੀ ਨਾ ਮਿਲੀ, ਮਰਨ ਮਗਰੋਂ ਕਫ਼ਨ ਨਸੀਬ ਨਾ ਹੋਇਆ, ਨਾ ਦਫ਼ਨ ਹੋਣ ਦਾ ਮੌਕਾ ਮਿਲਿਆ। ਉੱਜੜਨ ਮਗਰੋਂ ਸ਼ਰਨਾਰਥੀ ਕੰਗਾਲ ਤੇ ਹੱਥਲ ਹੋ ਗਏ। ਬਹੁਤੇ ਸ਼ਰਨਾਰਥੀ ਉਮਰ ਭਰ ਕੈਂਪਾਂ ਵਿਚ ਰੁਲਦੇ ਰਹੇ, ਬਹੁਤੇ ਸਰਕਾਰ ਵੱਲੋਂ ਜ਼ਮੀਨਾਂ ਦੇ ਨਾਂ ਤੇ ਅਲਾਟ ਹੋਏ ਜੰਗਲਾਂ ਨੂੰ ਆਬਾਦ ਕਰਨ ਤੇ ਲੱਗੇ ਰਹੇ, ਕਈ ਸਾਰੀ ਜ਼ਿੰਦਗੀ ਕਚਹਿਰੀਆਂ ਦੇ ਚੱਕਰ ਹੀ ਕੱਟਦੇ ਰਹੇ। ਫ਼ਸਾਦਾਂ ਦੀ ਦਹਿਸ਼ਤ ਅਤੇ ਸ਼ਰਨਾਰਥੀ ਜੀਵਨ ਦੀ ਮਾਰ ਨੇ ਉਹਨਾਂ ਨੂੰ ਮਾਨਸਿਕ ਰੋਗੀ ਬਣਾ ਦਿੱਤਾ। ਉਹ ਦੇਸ਼ ਦੀ ਅਜਿਹੀ ਆਜ਼ਾਦੀ ਨੂੰ ਕੋਸਦੇ

ਰਹੇ ਜਿਸਨੇ ਉਹਨਾਂ ਨੂੰ ਨਵੇਂ, ਰਿਫ਼ਿਊਜੀ, ਪਨਾਹਗੀਰ, ਪਨਾਹਗੁਜ਼ੀਰ, ਮੁਹਾਜਿਰ ਤੇ ਸ਼ਰਨਾਰਥੀ ਬਣਾ ਦਿੱਤਾ ਸੀ।

ਫ਼ਸਾਦਾਂ ਦੌਰਾਨ ਜਿੱਥੇ ਸਮੇਂ ਦੀਆਂ ਪਰਸਥਿਤੀਆਂ ਨੇ ਜ਼ੁਲਮ, ਕਹਿਰ ਤੇ ਆਤੰਕ ਦੇ ਮਾਹੌਲ ਨਾਲ ਅਣਮਨੁੱਖੀ ਵਤੀਰਿਆਂ ਨਾਲ ਭਰੀ ਹੋਈ ਜ਼ਿੰਦਗੀ ਦਿੱਤੀ, ਉੱਥੇ ਜਬਰ ਜ਼ੁਲਮ ਤੋਂ ਪਾਰ ਜ਼ਿੰਦਗੀ ਅੰਦਰ ਰੌਸ਼ਨੀ ਵਿਸ਼ਵਾਸ ਤੇ ਨਿੱਘ ਬਣਾਉਣ ਵਾਲੀ ਧਿਰ ਵੀ ਘੋਰ ਨਿਰਾਸ਼ਾ ਵਿਚੋਂ ਉਮੀਦ ਬਣ ਕੇ ਉੱਭਰੀ। ਮੌਤ ਦੇ ਕਹਿਰ ਤੇ ਕਤਲੇਆਮ ਦੇ ਸ਼ਿਕਾਰ ਹੋ ਰਹੇ, ਜ਼ਖ਼ਮੀ ਹੋਏ ਤੇ ਉੱਜੜੇ ਲੋਕਾਂ ਲਈ ਬਹੁਤ ਸਾਰੇ ਅਜਿਹੇ ਲੋਕ ਜ਼ਿੰਦਗੀ ਦਾ ਫਰਿਸ਼ਤਾ ਬਣ ਕੇ ਬਹੁੜੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਨੂੰ ਦਾਅ ਉੱਤੇ ਲਾ ਕੇ ਮਾਸੂਮਾਂ ਤੇ ਮਜ਼ਲੂਮਾਂ ਦੀ ਰੱਖਿਆ ਕੀਤੀ।

ਇਹਨਾਂ ਕਹਾਣੀਆਂ ਵਿਚ ਲੋਕ ਇਕ ਦੂਜੇ ਨਾਲ ਵਹਿਸ਼ੀਆਨਾ ਸਲੂਕ ਕਰਨ ਮਗਰੋਂ ਜਦ ਹੋਸ਼ ਵਿਚ ਪਰਤੇ ਤਾਂ ਪਛਤਾਵਿਆਂ ਦੇ ਡੂੰਘੇ ਖੂਹ ਵਿਚ ਲਹਿਣ ਲੱਗੇ। ਇਕ ਦੂਜੇ ਨੂੰ ਮਿਲਣ ਲਈ ਤੜਪਣ ਲੱਗੇ, ਰਿਸ਼ਤਿਆਂ ਦੀ ਸਲਾਮਤੀ ਲਈ ਤਰਲੋਮੱਛੀ ਹੋਣ ਲੱਗੇ। ਅਤੀਤ ਦੀਆਂ ਉਹਨਾਂ ਸਾਂਝਾਂ ਨੂੰ ਯਾਦ ਕਰ-ਕਰ ਰੋਣ ਲੱਗੇ ਜਦ ਉਹ ਇਕੱਠੇ ਰਹਿੰਦੇ ਸਨ।

ਇਹਨਾਂ ਕਹਾਣੀਆਂ ਤੋਂ ਪਤਾ ਲੱਗਦਾ ਹੈ ਕਿ ਬੇਬਸ ਤੇ ਲਾਚਾਰ ਪੰਜਾਬੀ ਮੁੜ ਉਹੀ ਦੋਸਤੀਆਂ, ਰਿਸ਼ਤੇ ਸਾਂਝਾਂ, ਮੋਹ-ਮੁਹੱਬਤ ਕਾਇਮ ਰੱਖਣ ਲਈ ਤੜਪਦੇ ਹਨ। ਉਹਨਾਂ ਦੇ ਦਿਲਾਂ ਵਿਚ ਇਕ ਦੂਜੇ ਲਈ ਮੋਹ ਅਤੇ ਸਦਭਾਵਨਾ ਅੱਜ ਵੀ ਬਰਕਰਾਰ ਹੈ। ਉਹ ਜਦ ਵੀ ਕਦੇ ਕਿਸੇ ਮੌਕੇ ਉੱਤੇ ਇਕ ਦੂਜੇ ਨੂੰ ਮਿਲਦੇ ਹਨ, ਉਹਨਾਂ ਕੋਲ ਉਹੀ ਸਾਂਝੇ ਪੰਜਾਬ ਦੀਆਂ ਗੱਲਾਂ ਹੀ ਹੁੰਦੀਆਂ ਹਨ। ਉਹਨਾਂ ਨੂੰ ਸਭ ਤੋਂ ਵੱਡਾ ਗ਼ਮ ਪੰਜਾਬ ਦੇ ਵੰਡੇ ਜਾਣ ਦਾ ਹੁੰਦਾ ਹੈ। ਉਹਨਾਂ ਨੂੰ ਇਸ ਗੱਲ ਦਾ ਝੋਰਾ ਖਾਂਦਾ ਹੈ ਕਿ ਆਪਣੀ ਹੀ ਜਨਮਭੂਮੀ ਜਿੱਥੇ ਉਹ ਇਕੱਠੇ ਜੰਮੇ ਪਲੇ, ਉਮਰਾਂ ਗੁਜ਼ਾਰੀਆਂ, ਰੀਝਾਂ ਪ੍ਰਵਾਨ ਚੜ੍ਹੀਆਂ ਤੇ ਇਕੋ ਫ਼ੈਸਲੇ ਨਾਲ ਉਹ ਬੇਗ਼ਾਨੀ ਹੋ ਗਈ ਤੇ ਉਹ ਕੁਝ ਵੀ ਨਾ ਕਰ ਸਕੇ। ਇਸ ਵੰਡ ਨੂੰ ਦੋਹਾਂ ਪੰਜਾਬਾਂ ਦੇ ਇਹ ਲੋਕ ਜ਼ਿੰਦਗੀ ਦਾ ਵੱਡਾ

ਦੁਖਾਂਤ ਸਮਝਦੇ ਹਨ ਜਿਸਨੇ ਉਹਨਾਂ ਦੇ ਹੱਸਦੇ, ਗਾਉਂਦੇ, ਸਾਂਝੇ ਸਭਿਆਚਾਰ ਨੂੰ ਵੰਡ ਦਿੱਤਾ। ਅੰਤ ਦੋਹਾਂ ਪੰਜਾਬਾਂ ਦੇ ਕਹਾਣੀਕਾਰਾਂ ਨੇ ਫ਼ਿਰਕੂ ਦੰਗਿਆਂ ਨਾਲ ਸੰਬੰਧਿਤ ਪੰਜਾਬੀ ਕਹਾਣੀਆਂ ਵਿਚ ਮਾਨਵੀ ਸੰਵੇਦਨਾ ਦੇ ਅਨੇਕਾਂ ਪਸਾਰਾਂ, ਪਹਿਲੂਆਂ ਨੂੰ ਬੜੀ ਸੂਖਮਤਾ ਨਾਲ ਪੇਸ਼ ਕੀਤਾ ਹੈ।